ਪੰਜਾਬ ਰਾਜ ਸਿਖਿਆ , ਖੋਜ ਅਤੇ ਸਿਖਲਾਈ ਪ੍ਰੀਸ਼ਦ, ਐਸ.ਸੀ.ਈ.ਆਰ.ਟੀ.
ਬਲਾਕ ਈ, ਵਿਦਿਆ ਭਵਨ , ਛੇਵੀਂ ਮੰਜਿਲ, ਫੇਜ਼ -8, ਐਸ.ਏ.ਐਸ. ਨਗਰ

## ਪਬਲਿਕ ਨੋਟਿਸ

### ਕੇਵਲ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ

1. ਪੰਜਾਬ ਰਾਜ ਵਿਚ ਪੜ੍ਹਦੇ ਅੱਠਵੀਂ ਅਤੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) ਲਈ ਚੋਣ NMMSS ਅਤੇ NTSE ਪ੍ਰੀਖਿਆਵਾਂ ਦੀ ਮੈਰਿਟ ਵਿਚੋਂ ਹੀ ਕੀਤੀ ਜਾਵੇਗੀ।ਸੈਸ਼ਨ 2021-22 ਦੌਰਾਨ PSTSE ਪ੍ਰੀਖਿਆ ਲਈ ਕੋਈ ਵੱਖ ਪ੍ਰੀਖਿਆ ਨਹੀਂ ਲਈ ਜਾਵੇਗੀ ।
2. NTSE ਪ੍ਰੀਖਿਆ ਦੀ ਮੈਰਿਟ ਵਿਚੋਂ ਐਨ.ਸੀ.ਈ.ਆਰ.ਟੀ. ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 183 ਵਿਦਿਆਰਥੀਆਂ ਦੀ ਚੋਣ NTSE ਦੀ ਦੂਜੀ ਸਟੇਜ ਲਈ ਕੀਤੀ ਜਾਵੇਗੀ ਅਤੇ ਇਸ ਹੀ ਮੈਰਿਟ ਵਿਚੋਂ ਕੇਵਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਅਲੱਗ ਮੈਰਿਟ ਬਣਾ ਕੇ ਪੀ.ਐਸ.ਟੀ.ਐਸ.ਈ ਪ੍ਰੀਖਿਆ ਲਈ ਕਲਾਸ ਦਸਵੀਂ ਦੇ ਵਿਦਿਆਰਥੀਆਂ ਦੀ ਵੀ ਚੋਣ ਕੀਤੀ ਜਾਣੀ ਹੈ ।
3. NMMSS ਪ੍ਰੀਖਿਆ ਦੀ ਮੈਰਿਟ ਵਿਚੋਂ Ministry of Education (MoE) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 2210 ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇਗੀ। ਇਸ ਹੀ ਮੈਰਿਟ ਵਿਚੋਂ ਕੇਵਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਅਲੱਗ ਮੈਰਿਟ ਬਣਾ ਕੇ ਪੀ.ਐਸ.ਟੀ.ਐਸ.ਈ ਪ੍ਰੀਖਿਆ ਲਈ ਕਲਾਸ ਅੱਠਵੀਂ ਦੇ ਵਿਦਿਆਰਥੀਆਂ ਦੀ ਵੀ ਚੋਣ ਕੀਤੀ ਜਾਣੀ ਹੈ ।
4. PSTSE ਪ੍ਰੀਖਿਆਵਾਂ ਲਈ ਅਪਲਾਈ ਕਰਨ ਲਈ ਯੋਗਤਾ ਅਤੇ ਹੋਰ ਸ਼ਰਤਾਂ ਪਿਛਲੇ ਸਾਲਾਂ ਦੀ ਤਰ੍ਹਾਂ ਜਾਰੀ ਰਹਿਣਗੀਆਂ।
5. ਜਿਹੜੇ ਵਿਦਿਆਰਥੀ PSTSE (ਕਲਾਸ 8ਵੀ ਅਤੇ 10 ਵੀ) ਵਜੀਫਾ ਪ੍ਰੀਖਿਆਵਾਂ ਦੇਣਾ ਚਾਹੁੰਦੇ ਹਨ, ਉਹ ਆਪਣੇ ਆਪ ਨੂੰ NMMSS (ਕਲਾਸ 8ਵੀ) ਅਤੇ NTSE (ਕਲਾਸ 10ਵੀ) ਪ੍ਰੀਖਿਆਵਾਂ ਦੀ ਰਜਿਸਟ੍ਰੇਸ਼ਨ ਲਈ ਖੋਲੇ ਗਏ ਪੋਰਟਲ ਤੇ ਹੀ ਆਪਣੀ ਰਜਿਸਟ੍ਰੇਸ਼ਨ ਕਰਵਾਉਣਗੇ ।
6. ਰਜਿਸਟ੍ਰੇਸ਼ਨ ਲਈ ਪੋਰਟਲ ਮਿਤੀ 10-12-2021 ਤੱਕ ਖੁਲ੍ਹਾ ਰਹੇਗਾ।
7. ਇਸ ਸਬੰਧੀ ਜੇਕਰ ਕੋਈ ਹੋਰ ਤਬਦੀਲੀ ਆਉਂਦੀ ਹੈ ਤਾਂ ਇਸ ਦੀ ਸੂਚਨਾ ਵਿਭਾਗ ਦੀ ਵੈਬਸਾਇਟ ssapunjab.org ਤੇ ਅਪਲੋਡ ਕਰ ਦਿੱਤੀ ਜਾਵੇਗੀ।
8. ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਮੇਂ-ਸਮੇਂ ਤੇ ਵੈਬਸਾਈਟ ਨੂੰ ਚੈੱਕ ਕਰਦੇ ਰਹਿਣ।

**ਨੋਟ:- ਸਰਕਾਰੀ ਸਕੂਲਾਂ ਦੇ ਜਿਹੜੇ ਵਿਦਿਆਰਥੀ NTSE ਅਤੇ NMMSS ਪ੍ਰੀਖਿਆਵਾਂ ਵਿੱਚ ਰਜਿਸਟ੍ਰੇਸ਼ਨ ਪਹਿਲਾਂ ਹੀ ਕਰਵਾ ਚੁੱਕੇ ਹਨ, ਉਨ੍ਹਾਂ ਨੂੰ ਦੋਬਾਰਾ ਰਜਿਸਟ੍ਰੇਸ਼ਨ ਕਰਵਾਉਣ ਦੀ ਲੋੜ ਨਹੀਂ ।**

30.11.21

ਸਹਾਇਕ ਡਾਇਰੈਕਟਰ (ਪ੍ਰੀ.)
ਐਸ ਸੀ ਈ ਆਰ ਟੀ , ਪੰਜਾਬ

Scanned with Ca